# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

## ਕੰਟਰੋਲਰ (ਪ੍ਰੀਖਿਆਵਾਂ) ਦਫਤਰ

ਨੰ. 36142 / ਸੀ.ਓ.ਈ.

ਮਿਤੀ: 17-10-2025

ਸਮੂਹ ਵਿਭਾਗਾਂ ਦੇ ਮੁਖੀ ਸਾਹਿਬਾਨ,
ਸਮੂਹ ਕੰਸਟੀਚੁਐਂਟ ਕਾਲਜ/ਨੇਬਰਹੁੱਡ ਕੈਂਪਸ ਅਤੇ
ਕਾਲਜਾਂ ਦੇ ਪ੍ਰਿੰਸੀਪਲ/ਇੰਚਾਰਜ/ਕੋਆਰਡੀਨੇਟਰ ਸਾਹਿਬਾਨ

ਕੰਟਰੋਲਰ ਪ੍ਰੀਖਿਆਵਾਂ ਦਫ਼ਤਰ ਵੱਲੋਂ ਜਾਰੀ ਪੱਤਰ ਨੰਬਰ 35889/ਸੀ.ਓ.ਈ./10.10.2025 ਦੀ ਲਗਾਤਾਰਤਾ ਵਿੱਚ ਇਹ ਸੂਚਿਤ ਕੀਤਾ ਜਾਂਦਾ ਹੈ ਕਿ **ਵਿਭਾਗਾਂ/ਕਾਲਜਾਂ ਦੇ ਕੇਵਲ ਰੈਗੂਲਰ ਵਿਦਿਆਰਥੀਆਂ ਦੇ ਦਸੰਬਰ 2025 ਦੀਆਂ ਪ੍ਰੀਖਿਆਵਾਂ ਲਈ ਪ੍ਰੀਖਿਆ ਫਾਰਮ/ਫੀਸ ਪੋਰਟਲ 'ਤੇ ਅਪਡੇਟ ਕਰਨ ਲਈ ਮਿਤੀ 27.10.2025 ਤੱਕ ਦਾ ਸਮਾਂ ਦਿੱਤਾ ਜਾਂਦਾ ਹੈ।** ਪੋਰਟਲ ਉੱਪਰ ਵੇਰਵੇ ਅਪਲੋਡ ਕਰਨ ਸਮੇਂ ਜੇਕਰ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਆ ਰਹੀ ਹੈ ਤਾਂ ਪ੍ਰੀਖਿਆ ਸ਼ਾਖਾ ਦੇ ਸਬੰਧਤ ਸੈੱਟ ਨਾਲ ਤਾਲਮੇਲ ਕਰਕੇ ਹਰ ਹਾਲਤ ਵਿੱਚ ਮਿਤੀ 27.10.2025 ਤੱਕ ਹੱਲ ਕਰਵਾ ਲਿਆ ਜਾਵੇ। ਇਸ ਉਪਰੰਤ ਮਿਤੀ ਵਿੱਚ ਕੋਈ ਵੀ ਵਾਧਾ ਨਹੀਂ ਕੀਤਾ ਜਾਵੇਗਾ।

ਦਫ਼ਤਰ ਡਾਇਰੈਕਟਰ ਉਚੇਰੀ ਸਿੱਖਿਆ ਵਿਭਾਗ, ਪੰਜਾਬ ਦੇ ਪੱਤਰ ਮੀਮੋ ਨੰ. 992101/ਕਾ.ਐਜੂ.(4)/828 ਮਿਤੀ ਐਸ.ਏ.ਐਸ.ਨਗਰ 16.10.2025 ਅਨੁਸਾਰ ਦਾਖਲੇ ਦੀ ਆਖਰੀ ਮਿਤੀ; 30.10.2025 ਤੋਂ 10 ਦਿਨਾਂ ਵਿੱਚ (ਭਾਵ ਮਿਤੀ 09.11.2025 ਤੱਕ) ਪ੍ਰੀਖਿਆ ਫਾਰਮ ਬਗੈਰ ਲੇਟ ਫੀਸ ਨਾਲ ਜਮ੍ਹਾਂ ਕਰਵਾ ਸਕੇਗਾ। ਇਸ ਤੋਂ ਬਾਅਦ ਉਸ ਵਕਤ ਦਾ ਲੇਟ ਫੀਸ ਦਾ ਚਲੰਤ ਸ਼ਡਿਊਲ ਲਾਗੂ ਹੋਵੇਗਾ।

ਨੋਟ: **ਇਹ ਵਿਭਾਗਾਂ/ਕਾਲਜਾਂ ਦੇ ਕੇਵਲ ਰੈਗੂਲਰ ਵਿਦਿਆਰਥੀਆਂ ਲਈ ਹੈ, ਪ੍ਰਾਈਵੇਟ/ਰੀ-ਅਪੀਅਰ ਵਾਲੇ ਵਿਦਿਆਰਥੀਆਂ ਲਈ ਨਹੀਂ ਹੈ।**

17/10/25

**ਕੰਟਰੋਲਰ (ਪ੍ਰੀਖਿਆਵਾਂ)**